# ਗਜਰੇ

ਨਿਕੀਆਂ ਜਮਾਤਾਂ ਵਿਚ ਮਾਸਟਰ ਜੀ ਨੇ ਦਸਿਆ ਕਿ ਕਿਸ ਤਰ੍ਹਾਂ ਕੁਲੰਬਸ ਨੇ ਕਈ ਮਹੀਨੇ ਦਿਨ ਰਾਤ ਅਥਾਹ ਸਮੁੰਦਰਾਂ ਵਿਚ ਭੰਬਲ ਭੂਸੇ ਖਾਣ ਪਿਛੋਂ ਇਕ ਦਿਨ ਅਚਨਚੇਤ ਸਵੇਰੇ ਉਠ ਕੇ ਅਮਰੀਕਾ ਦੀ ਧਰਤੀ ਤੱਕੀ।

ਤੇ ਫਿਰ ਉਹ ਸਾਥੋਂ ਪੁਛਦੇ "ਭਈ ਦਸੋ ਉਹ ਕਿੰਨਾ ਕੁ ਖੁਸ਼ ਹੋਇਆ ਹੋਣਾ ਹੈ?" ਘਬਰਾਏ ਹੋਏ ਅਸੀਂ ਬਿਨਾਂ ਕੁਛ ਮਹਿਸੂਸ ਕਰਨ ਦੇ ਹੀ ਕਹਿ ਦਿੰਦੇ "ਬੜਾ"।

ਤੇ ਫਿਰ ਵਡੀਆਂ ਜਮਾਤਾਂ ਵਿਚ ਆ ਕੇ ਰੇਡੀਅਮ ਦੀ ਗਲ ਆਈ। ਮੈਡਮ ਕਿਊਰੀ ਕਈ ਮਹੀਨੇ ਇਕ ਲਿਸ਼ਕਦਾਰ ਮਾਦੇ ਨੂੰ ਘੋਟਦੀ ਪੁਣਦੀ ਰਹੀ ਤੇ ਫਿਰ ਇਕ ਦਿਨ ਉਸ ਬੂਹੇ ਦੀ ਵਿਰਲ ਵਿਚੋਂ ਧਿਆਨ ਮਾਰਿਆ ਤਾਂ ਰੇਡੀਅਮ ਬਣਿਆ ਹੋਇਆ ਸੀ। ਤੇ ਫਿਰ ਮਾਸਟਰ ਜੀ ਪੁਛਦੇ, "ਦਸੋ ਰੇਡੀਅਮ ਬਣਿਆ ਵੇਖਕੇ ਉਹ ਕਿੰਨਾ ਕੁ ਖੁਸ਼ ਹੋਈ ਹੋਣੀ ਏ?" ਤੇ ਅਸੀਂ ਫਿਰ ਕਹਿ ਦਿੰਦੇ "ਬੜਾ"।

ਸਾਨੂੰ ਅਸਲ ਵਿਚ ਕੋਈ ਪਤਾ ਨਹੀਂ ਸੀ ਹੁੰਦਾ ਕਿ ਉਹ ਕਿੰਨੇ ਕੁ ਖੁਸ਼ ਹੋਏ ਹੋਣੇ ਨੇ ਤੇ ਨਾ ਹੀ ਅਸਾਂ ਕਦੀ ਇਹ ਕਿਆਸ ਕਰਨ ਦੀ ਕੋਸ਼ਿਸ਼ ਕੀਤੀ ਸੀ; ਪਰ ਪਿਛਲੇ ਦਿਨੀਂ ਮੈਨੂੰ ਕੁਝ ਗਿਆਨ ਹੋਇਆ ਕਿ ਉਹ ਕਿੰਨੇ ਕੁ ਖੁਸ਼ ਹੋਏ ਹੋਣੇ ਨੇ। ਮੈਂ ਦਸਦਾ

ਹਾਂ ਕਿਸ ਤਰ੍ਹਾਂ।

ਉਹ ਕੁਝ ਇਸ ਤਰ੍ਹਾਂ ਦੀ ਹੀ ਕੁੜੀ ਸੀ. ਠੰਡੀ ਜਹੀ, ਗੰਭੀਰ ਜਹੀ, ਅਡੋਲ ਜਹੀ। ਉਸ ਦੇ ਮੂੰਹ ਤ ਕਦੀ ਕਿਸੇ ਨੇ ਬਹੁਤੀ ਖ਼ੁਸ਼ੀ ਜਾਂ ਬਹੁਤੀ ਗ਼ਮੀ ਉਕਰੀ ਹੋਈ ਨਹੀਂ ਵੇਖੀ ਸੀ। ਜੇ ਉਸ ਦੇ ਦਿਲ ਵਿਚ ਕਦੀ ਤੂਫ਼ਾਨ ਆਏ ਵੀ ਸਨ ਤਾਂ ਵੀ ਉਨ੍ਹਾਂ ਦਾ ਅਸਰ ਕਦੀ ਉਸ ਦੇ ਚਹਰੇ ਤਕ ਨਹੀ ਸੀ ਅਪੜਿਆ। ਉਸ ਦੀਆਂ ਅਖਾਂ ਸਦਾ ਹੀ ਸੀਤਲ ਜਿਹੀਆਂ ਰਹਿੰਦੀਆਂ। ਜਿਸ ਤਰ੍ਹਾਂ ਭਰੀ ਹੋਈ ਲਸੀ ਦੀ ਚਾਟੀ ਵਿਚ ਮਧਾਣੀ ਭਾਵੇਂ ਕਿੰਨੇ ਜ਼ੋਰ ਦੀ ਫਿਰੇ ਕਢਿਆਂ ਤੋਂ ਹਠਲੇ ਤੜਫਾਟ ਦਾ ਕੁਝ ਪਤਾ ਨਹੀ ਲਗਦਾ। ਜ਼ਬਤ ਤੇ ਸਾਊਪੁਣੇ ਦਾ ਉਹ ਕੁੜੀ ਸਿਖਰ ਸੀ। ਆਪਣੇ ਇਕ ਦੋਸਤ ਨੂੰ ਮੈਂ ਇਕ ਵਾਰ ਉਸ ਦਾ ਰਵਈਆ ਕੁਝ ਇਸ ਤਰ੍ਹਾਂ ਸਮਝਾਇਆ

"ਦੇਖ ਭਈ ਨਵੀ ਸ਼ਿਵਰਲੈਟ ਕਾਰ ਵਿਚ ਬੈਠਿਆਂ ਇਸ ਤਰ੍ਹਾਂ ਪਰਤੀਤ ਹੁੰਦਾ ਹੈ ਜਿਵੇਂ ਹਵਾ ਨਾਲ ਚਲ ਰਹੀ ਕਿਸੇ ਬੇੜੀ ਵਿਚ ਬੈਠੇ ਹਾਂ। ਇਜਨ ਕੋਈ ਝਟਕਾ ਨਹੀਂ ਲਾਉਂਦਾ, ਆਵਾਜ਼ ਨਹੀਂ ਕਢਦਾ, ਆਪਣੀ ਹੋਂਦ ਮਹਿਸੂਸ ਹੀ ਨਹੀਂ ਹੋਣ ਦੇਂਦਾ, ਪਰ ਇਸ ਦਾ ਇਹ ਅਰਥ ਨਹੀਂ ਕਿ ਇਸ ਦੇ ਅਦਰ ਵੀ ਕੋਈ ਝਟਕਾ ਨਹੀ, ਕੋਈ ਆਵਾਜ਼ ਨਹੀਂ। ਇਸ ਦੇ ਛੇ ਸਿਲੰਡਰਾਂ ਵਿਚ ਗੈਸਾਂ ਬਣ ਬਣ ਕੇ ਫਟ ਰਹੀਆਂ ਹਨ ਤੇ ਇਨ੍ਹਾਂ ਵਿਚੋਂ ਇਕ ਇਕ ਫਟਾ ਸ਼ਾਇਦ ਇਕ ਕੰਧ ਨੂੰ ਡੇਗ ਦੇਵੇ। ਸਲਿੰਡਰ ਵਿਚ ਪਿਸਟਨ ਇਨੇ ਜ਼ੋਰ ਦੇ ਝਟਕੇ ਮਾਰਦੇ ਹਨ ਕਿ ਇਕ ਇਕ ਝਟਕੇ ਨਾਲ ਕੋਲ ਖੜੇ ਕਈਆਂ ਆਦਮੀਆਂ ਦੀ ਮੌਤ ਹੋ ਜਾਏ, ਪਰ ਇੰਜਨ ਦੀ ਮਸ਼ੀਨਰੀ ਨੇ ਇਸ ਸਭ ਕੁਝ ਤੇ ਕਾਬੂ ਪਾਇਆ ਹੋਇਆ ਹੁੰਦਾ ਹੈ, ਤੇ ਮੋਟਰ ਵਿਚ ਬੈਠੇ ਆਦਮੀਆਂ ਨੂੰ ਸੁਪਨਾ ਵੀ ਨਹੀਂ ਆ ਸਕਦਾ ਕਿ ਇੰਜਨ ਵਿਚ ਐਨੀ ਅਗ, ਐਨੇ ਧਮਾਕੇ ਤੇ ਐਨਾ ਤੜਫਾਟ ਮਚਿਆ ਹੋਇਆ ਹੈ।

ਇਹੋ ਕਾਰਨ ਸੀ ਕਿ ਉਸ ਕੁੜੀ ਨਾਲ ਕਈ ਸਾਲਾਂ ਦੀ ਘੁਲ ਮਿਲਣੀ ਮਿਤਰਤਾ ਪਿਛੋਂ ਵੀ ਮੈਨੂੰ ਇਹ ਪਤਾ ਨਹੀ ਸੀ ਕਿ ਮੈਂ ਕਿਥੇ ਖੜਾ ਹਾਂ। ਜੇ ਚਿਹਰੇ ਤੇ ਹੀ ਕਦੀ ਕੁਝ ਨਾ ਆਇਆ ਹੋਵੇ ਤਾਂ ਉਸ ਦੀ ਜ਼ਬਾਨ ਤੇ ਤਾਂ ਕੀ ਆਉਣਾ ਸੀ। ਮੇਰੇ ਕੋਲ ਐਨਾ ਕੋਈ ਰਛ ਨਹੀਂ ਸੀ ਜਿਸ ਨਾਲ ਮੈਂ ਇਹ ਬੁਝ ਸਕਦਾ ਕਿ ਉਸ ਦੇ ਦਿਲ ਵਿਚ ਮੇਰੇ ਲਈ ਕੋਈ ਥਾਂ ਹੈ ਕਿ ਨਹੀਂ। ਕਈ ਕੁੜੀਆਂ ਤੇ ਆਪੇ ਹੀ ਦਸ ਦਿੰਦੀਆਂ ਹਨ ਕਿ ਉਹ ਕਿਥੋਂ ਤਕ ਤੁਹਾਨੂੰ ਆਪਣੇ ਨਾਲ ਲੈ ਜਾਣਾ ਚਾਹੁੰਦੀਆਂ ਹਨ। ਇਕ ਵਾਰ ਇਕ ਕੁੜੀ ਮੇਰੇ ਬੁਲ੍ਹਾਂ ਤੇ ਧਕੋ ਜੋਰੀ ਸੁਰਖੀ ਲਾਣ ਦੇ ਬਹਾਨੇ ਮੇਰੇ ਨਾਲ ਚੰਬੜ ਗਈ ਸੀ। ਇਕ ਹੋਰ ਕੁੜੀ ਮੇਰੀ ਘੜੀ ਵੇਖਣ ਲਈ ਫੜ ਕੇ ਫਿਰ ਦਿੰਦੀ ਨਹੀਂ ਸੀ ਤੇ ਉਸ ਘੜੀ ਨੂੰ ਖੋਂਹਦਿਆਂ ਖੋਂਹਦਿਆਂ ਸਾਡੀ ਆਪੋ ਵਿਚ ਦੀ ਸਾਰੀ ਸੰਗ ਲਥ ਗਈ ਸੀ। ਇਕ ਹੋਰ ਵੇਰ ਇਕ ਕੁੜੀ ਕੋਲੋਂ ਅਖਾਂ ਵਿਚ ਦਾਰੂ ਪੁਆ ਕੇ, ਮੀਟੀਆਂ ਮੀਟੀਆਂ ਅਖਾਂ ਨਾਲ ਮੈਂ ਉਸ ਨੂੰ ਘੁਟ ਲਿਆ ਸੀ,ਜਿਸ ਤਰ੍ਹਾਂ ਇਹ ਸਭ ਕੁਝ ਭੁਲੇਖੇ ਨਾਲ ਹੀ ਹੋ ਗਿਆ ਹੋਵੇ। ਉਸ ਤਰ੍ਹਾਂ ਵੀ ਮੈਂ ਕਿਸ ਕੁੜੀ ਦੇ ਕੋਲ ਬੈਠ ਕੇ ਗਲਾਂ ਬਾਤਾਂ ਕਰਦਿਆਂ ਇਹ ਦਸ ਸਕਦਾ ਸਾਂ ਕਿ ਉਹ ਮੇਰੇ ਨਾਲ ਕਿਥੋਂ ਤਕ ਜਾਣ ਲਈ ਤਿਆਰ ਹੈ, ਜਿਸ ਤਰ੍ਹਾਂ ਜਟੀਆਂ ਬਗ਼ੈਰ ਕੁਜੇ ਵਿਚ ਝਾਤੀ ਮਾਰਨ ਦੇ ਇਹ ਦਸ ਸਕਦੀਆਂ ਹਨ ਕਿ ਅਗ ਤੇ ਪਿਆ ਮਖਣ ਕਿਨਾ ਕੁ ਗਰਮ ਹੋ ਗਿਆ ਹੈ। ਪਰ ਉਸ ਕੁੜੀ ਬਾਰੇ ਤੇ ਕੁਝ ਪਤਾ ਹੀ ਨਹੀ ਲਗ ਸਕਦਾ ਸੀ।

ਜੋ ਗਲਾਂ ਉਹ ਕਰਦੀ ਉਹ ਸਧਾਰਣ ਜਿਹੀਆਂ ਹੀ ਹੁੰਦੀਆਂ। ਆਪਣੇ ਕਾਲਜ ਦੇ ਪ੍ਰੋਫ਼ਿਸਰਾਂ ਦੀਆਂ, ਸਿਆਸੀ ਪਾਰਟੀਆਂ ਦੀਆਂ, ਲਾਹੌਰ ਦੇ ਹੋਟਲਾਂ ਸਿਨੇਮਿਆਂ ਦੀਆਂ ਤੇ ਕਦੀ ਕਦੀ ਉਹ ਜ਼ਾਤੀ ਗਲਾਂ ਵੀ ਕਰਣ ਲਗ ਜਾਂਦੀ, ਪਰ ਉਹ ਡੂੰਘੀਆਂ ਦਿਲ ਦੀਆਂ ਗਲਾਂ

ਨਾ ਹੁੰਦੀਆਂ।

"ਤੁਸੀ ਚਿਟੀਆਂ ਚਪਲੀਆਂ ਬੜੀਆਂ ਪਸੰਦ ਕਰਦੇ ਹੋ। ਪਹਿਲਾਂ ਪਹਿਲਾਂ ਤੇ ਇਹ ਸੋਹਣੀਆਂ ਲਗਦੀਆਂ ਨੇ, ਪਰ ਮਗਰੋਂ ਆ ਕੇ ਅਸਲੋਂ ਖ਼ਰਾਬ ਹੋ ਜਾਂਦੀਆਂ ਨੇ। ਮੈਂ ਇਕ ਵੇਰ ਚਿਟੀ ਲਿਫਟੀ ਲਈ, ਬੜਾ ਵਖ਼ਤ ਪਿਆ। ਇਕ ਤੇ ਸਾਰੇ ਟੱਬਰ ਤੋਂ ਵੱਖਰੀ ਪਾਲਸ਼ ਰਖੋ। ਫਿਰ ਨੌਕਰ ਨੂੰ ਠੀਕ ਤਰ੍ਹਾਂ ਕਰਨਦੀ ਜਾਚ ਨਹੀਂ ਆਉਂਦੀ, ਕਈ ਵੇਰ ਆਪ ਹੀ ਕਰਣੀ ਪੈਂਦੀ ਹੈ। ਮੈਂ ਤੇ ਬਸ ਉਸ ਲਿਫਟੀ ਤੋਂ ਪਿਛੋਂ ਤੌਬਾ ਕੀਤੀ।"

ਤੇ ਜਾਂ ਫਿਰ ਇਸ ਤੋਂ ਜ਼ਰਾ ਹੋਰ ਡੂੰਘੀਆਂ।

"ਇਕਲੇ ਰਹਿਣ ਤੋਂ ਮੈਂ ਤੇ ਬੜਾ ਘਬਰਾਨੀ ਆਂ। ਜਦੋਂ ਮੈਂ ਆਪਣੇ ਮਾਮਾ ਜੀ ਕੋਲ ਪੜ੍ਹਦੀ ਸਾਂ ਤਾਂ ਬਸ ਇਕ ਮਾਮਾ ਜੀ, ਇਕ ਮਾਮੀ ਜੀ, ਇਕ ਟੀਕ ਤੇ ਇਕ ਮੈਂ। ਸ਼ਹਿਰ ਵਿਚ ਮਕਾਨ, ਨਾ ਫੁਲ, ਨਾ ਹਰਿਆਵਲ ਬੜਾ ਜੀ ਅਕੇ। ਹਾਰ ਫਿਰ ਮੈਂ ਕੁਕੜੀਆਂ ਰਖੀਆਂ। ਨਿਕੇ ਨਿਕੇ ਚੂਚੇ ਬੜੇ ਪਿਆਰੇ ਲਗਣ। ਕਦੀ ਕੁਕੜੀ ਦੇ ਉਤੇ ਚੜ੍ਹ ਜਾਣ ਤੇ ਕਦੀ ਉਸ ਦੇ ਹੇਠ ਵੜ ਜਾਣ, ਕਦੀ ਇਕ ਦੇ ਕੋਈ ਚੀਜ਼ ਕਾਬੂ ਆ ਜਾਏ ਤਾਂ ਦੂਸਰਾ ਉਸ ਤੋਂ ਖੋਹਣ ਦੌੜੇ ਤੇ ਫਿਰ ਆਪੋ ਵਿਚ ਲੜਨ ਤੇ ਬੜੀ ਰੌਣਕ ਲਗੇ। ਕੋਈ ਚੀਜ਼ ਤੇ ਚਾਹੀਦੀ ਏ ਨਾ ਜਿਸ ਵਲ ਉਠਕੇ ਬੰਦਾ ਚਾਂਈ ਚਾਂਈ ਵੇਖੇ ਪਈ ਕਿਹੋ ਜਹੀ ਲਗਦੀ ਏ। ਕੰਧਾਂ, ਕੁਰਸੀਆਂ ਤੇ ਹੋਰ ਸਮਾਨ ਤੇ ਰੋਜ਼ ਇਕੋ ਤਰ੍ਹਾਂ ਦਾ ਹੀ ਲਗਦਾ ਏ।"

ਇਹੋ ਜਿਹੀਆਂ ਗਲਾਂ ਤੋਂ ਉਖੇੜ ਕੇ ਉਸ ਨੂੰ ਕਿਸੇ ਹੋਰ ਲੀਹ ਤੇ ਟੋਰਨਾ ਬੜਾ ਔਖਾ ਸੀ। ਉਹ ਚੁਪ ਹੋ ਜਾਂਦੀ ਬਗੈਰ ਗੁਸਾ ਕਰਨ ਦੇ, ਬਗੈਰ ਇਹ ਮਹਿਸੂਸ ਕਰਨ ਦੇ ਕਿ ਕਿਸੇ ਨੇ ਉਸ ਨੂੰ ਕਿਸੇ ਹੋਰ ਲੀਹ ਤੇ ਟੋਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਫਿਰ ਭੀ ਮੇਰੀ ਉਸ ਵਿਚ

ਦਿਲਚਸਪੀ ਘਟਦੀ ਨਹੀਂ ਸੀ ਦਿਸਦੀ । ਮੈਂ ਬੜੇ ਔਖ ਵਿਚ ਫਸਿਆ ਹੋਇਆ ਸਾਂ । ਪਕੇ ਪੈਰਾਂ ਤੇ ਹੋਣ ਲਈ ਬੇਤਾਬ ਸਾਂ । ਇਸ ਤਰ੍ਹਾਂ ਜੀ ਕਰਦਾ ਸੀ ਕਿ ਉਸ ਦੀ ਛਾਤੀ ਪਾੜ ਕੇ ਵੇਖ ਲਵਾਂ ਕਿ ਮੇਰੇ ਲਈ ਉਸ ਵਿਚ ਪਿਆਰ ਹੈ ਕਿ ਨਹੀਂ ।

ਬੀ ਏ ਪਾਸ ਕਰਨ ਪਿਛੋਂ ਇਸ ਦੀ ਦਿਲੀ ਪੜ੍ਹਨ ਦੀ ਸਲਾਹ ਹੋਈ। ਉਸ ਨੂੰ ਦਿਲੀ ਵਿਦਿਆ ਕਰਨ ਲਈ ਸਾਡੇ ਘਰ ਉਸ ਦੀ ਟੀ ਪਾਰਟੀ ਹੋਈ। ਕਈ ਹੋਰ ਕੁੜੀਆਂ ਵੀ ਸਦੀਆਂ ਹੋਈਆਂ ਸਨ। ਚਾਹ ਦਾ ਸਾਰਾ ਸਾਮਾਨ ਵਡੇ ਮੇਜ਼ ਤੇ ਲਵਾ ਕੇ ਮੈਂ ਕੁੜੀਆਂ ਨੂੰ ਉਥੇ ਆਉਣ ਲਈ ਕਹਿਣ ਆਇਆ। ਆਰਾਮ ਕੁਰਸੀ ਤੇ ਬੈਠੀ ਨੂੰ ਮੈਂ ਬਾਹੋਂ ਫੜ ਕੇ ਉਠਾਣ ਲਗਾ ਤਾਂ ਉਸ ਦੇ ਹਥੀਂ ਪਿਆ ਇਕ ਗਜਰਾ ਟੁਟ ਗਿਆ। ਕੁਝ ਕਚੇ ਜਹੇ ਪੈ ਕ ਮੈਂ ਉਸ ਦੀ ਬਾਂਹ ਛਡ ਦਿਤੀ।

ਰਾਤ ਨੂੰ ਅਸੀਂ ਸਾਰੇ ਉਸ ਨੂੰ ਦਿਲੀ ਦੀ ਗਡੀ ਚੜ੍ਹਾਣ ਗਏ। ਉਸ ਨਾਲ ਹੋ ਰਹੇ ਲਾਡ ਚਾ ਨੇ ਉਸ ਦੇ ਰੰਗ ਰੂਪ ਵਿਚ ਵਾਧਾ ਕੀਤਾ ਹੋਇਆ ਸੀ। ਉਹ ਵਿਦਿਆ ਕਰਨ ਆਏ ਲੋਕਾਂ ਵਿਚੋਂ ਕਦੀ ਕਿਸੇ ਤੇ ਕਦੀ ਕਿਸੇ ਨਾਲ ਗਲਾਂ ਕਰਦੀ।

ਮੇਰੇ ਕੋਲ ਆ ਕੇ ਉਸ ਨੇ ਕਮੀਜ਼ ਦੀ ਜੇਬ ਵਿਚ ਹਥ ਮਾਰਕੇ ਟੁਟੇ ਹੋਏ ਗਜਰੇ ਦੇ ਦੋ ਟੋਟੇ ਕਢੇ ਤੇ ਮੇਰਾ ਹਥ ਫੜਕੇ ਮੇਰੀ ਮੁਠ ਵਿਚ ਰਖ ਦਿਤੇ। "ਇਹ ਲਓ ਸਾਂਭੋ ਆਪਣਾ ਭੰਨਿਆ ਹੋਇਆ ਗਜਰਾ, ਮੈਂ ਇਸ ਦਾ ਕੀ ਕਰਨਾ ਹੈ ? ਮੈਨੂੰ ਨਵੇਂ ਗਜਰੇ ਲੈ ਕੇ ਮੇਰੇ ਦਿਲੀ ਦੇ ਪਤੇ ਤੇ ਭੇਜ ਦੇਣੇ।" ।

ਅਜ ਕੁਲੰਬਸ ਨੂੰ ਅਚਨਚੇਤ ਧਰਤੀ ਦਿਸ ਪਈ ਸੀ !